BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਅਤੇ ਸੀ.ਯੂ.ਪੀ.ਈ. ਨੇ ਤਿੰਨ ਪੰਜ-ਸਾਲਾ ਸਮੂਹਿਕ ਐਗਰੀਮੈਂਟਸ ਦੀ ਪੁਸ਼ਟੀ ਕੀਤੀ

ਬ੍ਰੈਂਪਟਨ, ਓਨਟੈਰੀਓ (23 ਅਕਤੂਬਰ, 2019) – ਸਿਟੀ ਆਫ ਬ੍ਰੈਂਪਟਨ ਅਤੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਇਜ (ਸੀ.ਯੂ.ਪੀ.ਈ.) ਲੋਕਲ 831 (Canadian Union of Public Employees (CUPE) Local 831) ਨੇ ਤਿੰਨ ਨਵਿਆਉਣ ਸਮੂਹਿਕ ਐਗਰੀਮੈਂਟਸ ਦੀ ਪੁਸ਼ਟੀ ਕੀਤੀ। ਇਹਨਾਂ ਵਿੱਚ ਸਿਟੀ ਦੇ ਲਗਭਗ 1,100 ਕਰਮਚਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਸੀ.ਯੂ.ਪੀ.ਈ. (CUPE) ਆਊਟਸਾਈਡ ਐਂਡ ਆਫਿਸ, ਪ੍ਰੋਫੈਸ਼ਨਲ ਐਂਡ ਟੈਕਨੀਕਲ ਐਂਡ ਟੈਂਪਰੇਰੀ (CUPE Outside and Office, Professional and Technical, and Temporary) ਸੌਦੇਬਾਜੀ ਯੂਨਿਟਾਂ ਦਾ ਹਿੱਸਾ ਹਨ। ਸੀ.ਯੂ.ਪੀ.ਈ. ਦੇ ਮੈਂਬਰਾਂ ਨੇ 17 ਅਕਤੂਬਰ, 2019 ਨੂੰ ਨਵਿਆਉਣ ਐਗਰੀਮੈਂਟਸ ਦੀ ਪੁਸ਼ਟੀ ਕੀਤੀ ਅਤੇ ਸਿਟੀ ਕਾਉਂਸਿਲ (City Council) ਨੇ ਅੱਜ ਨਵਿਆਉਣ ਐਗਰੀਮੈਂਟਸ ਦੀ ਪੁਸ਼ਟੀ ਕੀਤੀ।

ਨਵਿਆਉਣ ਸਮੂਹਿਕ ਐਗਰੀਮੈਂਟਸ ਦੀ ਮਿਆਦ 1 ਅਪ੍ਰੈਲ, 2019 ਤੋਂ 31 ਮਾਰਚ, 2024 ਤੱਕ ਹੈ।

**ਹਵਾਲੇ**

"ਸੌਦੇਬਾਜੀ ਟੀਮਾਂ ਨੇ ਨਵੇਂ ਸਮੂਹਿਕ ਐਗਰੀਮੈਂਟਸ ਪ੍ਰਦਾਨ ਕਰਨ ਲਈ ਬੇਹੱਦ ਸਹਿਯੋਗ ਦੇ ਨਾਲ ਕੰਮ ਕੀਤਾ। ਇਹ ਦਰਸਾਉਂਦਾ ਹੈ ਕਿ ਲੋਕ ਸਾਡੀ ਤਰਜੀਹ ਹਨ। ਪੰਜਾ-ਸਾਲਾ ਐਗਰੀਮੈਂਟਸ ਮਹੱਤਵਪੂਰਨ ਹਨ ਕਿਉਂਕਿ ਸਾਨੂੰ ਯਕੀਨ ਹੈ ਕਿ ਉਹ ਆਉਣ ਵਾਲੇ ਕਈ ਸਾਲਾਂ ਲਈ ਮਜ਼ਦੂਰ ਸਥਿਰਤਾ ਦੀ ਨੀਂਹ ਰੱਖਦੇ ਹਨ।"

- *ਮੇਅਰ ਪੈਟਰਿਕ ਬ੍ਰਾਊਨ (Mayor Patrick Brown)*

"ਅਸੀਂ ਸਾਰਿਆਂ ਨੇ ਸਿਟੀ ਦੇ ਨਾਲ ਨਿਰਪੱਖ ਪੰਜ-ਸਾਲਾ ਐਗਰੀਮੈਂਟਸ ਕਰਨ ਲਈ ਬਹੁਤ ਮਿਹਨਤ ਕੀਤੀ ਹੈ। ਇਹ ਵਧੀਆ ਡੀਲ ਹੈ ਅਤੇ ਦੋਵਾਂ ਧਿਰਾਂ ਨੂੰ ਇਸਤੋਂ ਫਾਇਦਾ ਹੋਵੇਗਾ। ਸਾਡੇ ਮੈਂਬਰ ਜਾਣਦੇ ਹਨ ਕਿ ਬ੍ਰੈਂਪਟਨ ਦੇ ਨਿਵਾਸੀ ਬਹੁਤ ਵਧੀਆ ਸੇਵਾ ਡਿਲੀਵਰੀ ਦੇ ਹੱਕਦਾਰ ਹਨ। ਸਾਨੂੰ ਖੁਸ਼ੀ ਹੈ ਕਿ ਅਸੀਂ ਸਿਟੀ ਨੂੰ ਗਤੀਸ਼ੀਲ ਬਣਾਏ ਰੱਖਣ ਲਈ ਉਸ ਵਧੀਆ ਕੰਮ ਨੂੰ ਜਾਰੀ ਰੱਖਣ ਦੇ ਯੋਗ ਹਾਂ।"

- *ਫੈਬਿਓ ਗੈਜ਼ੋਲਾ (Fabio Gazzola), ਪ੍ਰੈਜ਼ੀਡੈਂਟ, ਸੀ.ਯੂ.ਪੀ.ਈ. ਲੋਕਲ 831*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON Flower City
brampton.ca

# media release


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca